Tender Heart High School Sec - 33 B chd

Class - 9 Ramandeep kaur

Topic - ਧਰਤੀ ਹੇਠਲਾ ਬੌਲਦ ਪਾਠ - 4 Page-1

ਸ਼ੁੱਭ ਸਵੇਰ

ਵਿਦਿਆਰਥੀ ਕਹਾਣੀ 'ਧਰਤੀ ਹੇਠਲਾ ਬੌਲਦ' ਨੂੰ ਧਿਆਨ ਨਾਲ ਘੱਟੋ-ਘੱਟ 3-4 ਵਾਰੀ ਪੜ੍ਹਨਗੇ। ਕਹਾਣੀਕਾਰ 'ਕੁਲਵੰਤ ਸਿੰਘ ਵਿਰਕ' ਨੇ ਬਹੁਤ ਹੀ ਸੁੱਚਜੇ ਢੰਗ ਨਾਲ ਕਹਾਣੀ ਦੇ ਵਿਸ਼ੇ ਨੂੰ ਸਿਰਜਿਆ ਹੈ। ਕਹਾਣੀ ਵਿੱਚ ਸ਼ੁਰੂ ਤੋਂ ਅੰਤ ਤੱਕ ਰੌਚਿਕਤਾ ਬਣੀ ਰਹਿੰਦੀ ਹੈ, ਪਾਠਕ ਦੀ ਉਤਸੁਕਤਾ ਘਟਦੀ ਨਹੀਂ। ਸੋ ਵਿਦਿਆਰਥੀਆਂ ਨੇ ਕਹਾਣੀ ਦੇ ਵਿਸ਼ੇ ਨੂੰ ਸਮਝਣ ਦਾ ਯਤਨ ਕਰਨਾ ਹੈ।

ਕਹਾਣੀ - 'ਧਰਤੀ ਹੇਠਲਾ ਬੌਲਦ' ਕਹਾਣੀਕਾਰ 'ਕੁਲਵੰਤ ਸਿੰਘ ਵਿਰਕ'

ਕਹਾਣੀ ਦੇ ਸਿਰਲੇਖ ਬਾਰੇ ਵਿਚਾਰ ਚਰਚਾ

ਅਸੀਂ ਪਹਿਲਾਂ ਇਹ ਸਮਝਣ ਦੀ ਕੋਸ਼ਿਸ਼ ਕਰਾਂਗੇ ਕਿ ਕਹਾਣੀਕਾਰ ਨੇ ਸਿਰਲੇਖ ਕਿਵੇਂ ਅਤੇ ਕਿਉਂ ਚੁਣਿਆ। ਇਹ ਇੱਕ ਪੁਰਾਣੀ ਕਹਾਵਤ ਹੈ ਕਿ ਸਾਡੀ ਧਰਤੀ ਹੇਠਾਂ (ਥੱਲੇ) ਇੱਕ ਵਿਸ਼ਾਲ ਬੌਲਦ (ਬੈਲ, ਬਲਦ, ox) ਹੈ। ਉਹ ਬਹੁਤ ਤਾਕਤਵਰ ਹੈ, ਉਸਦੇ ਸਿੰਗ (Horns) ਬਹੁਤ ਵੱਡੇ ਹਨ ਅਤੇ ਉਸ ਬਲਦ ਨੇ ਸਾਰੀ ਧਰਤੀ ਨੂੰ ਆਪਣੇ ਸਿੰਗਾਂ ਤੇ ਟਿਕਾ ਰੱਖਿਆ ਹੈ। ਉਸਦੇ ਸਿੰਗ ਸਾਰੀ ਧਰਤੀ ਦਾ ਭਾਰ ਆਪਣੇ ਤੇ ਸਹਿੰਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਜਦੋਂ ਇਹ ਬੌਲਦ ਧਰਤੀ ਨੂੰ ਇੱਕ ਸਿੰਗ ਤੋਂ ਦੂਜੇ ਸਿੰਗ ਉੱਤੇ ਰਖਦਾ ਹੈ ਤਾਂ ਭੂਚਾਲ ਆਉਂਦਾ ਹੈ। ਇਹ ਉਸ ਸਮੇਂ ਦੀਆਂ ਗੱਲਾਂ ਹਨ ਜਦੋਂ ਦੁਨਿਆ ਵਿਗਿਆਨ ਦੀ ਲੀਹ ਤੇ ਨਹੀਂ ਸੀ ਤੁਰੀ। ਪਰ ਕਹਾਣੀਕਾਰ ਨੇ ਆਪਣੀ ਵਿਲੱਖਣ ਸ਼ੈਲੀ ਰਾਹੀਂ ਇਸ ਕਹਾਵਤ ਨੂੰ ਕਹਾਣੀ ਦਾ ਸਿਰਲੇਖ ਚੁਣ ਕੇ ਪਾਠਕ ਨੂੰ ਸੋਚਣ ਤੇ ਮਜਬੂਰ ਕੀਤਾ ਹੈ ਕਿ ਇਹ ਗੱਲ ਕਿਸ ਹੱਦ ਤੱਕ ਸੱਚ ਹੈ ਅਤੇ ਕਹਾਣੀ ਦੇ ਪਾਤਰ ਇਸਨੂੰ ਕਿਵੇਂ ਯਥਾਰਥ ਦੇ ਨੇੜੇ ਲੈਕੇ ਜਾਂਦੇ ਹਨ। ਵਿਦਿਆਰਥੀ ਇਸ ਕਹਾਣੀ ਨੂੰ ਧਿਆਨ ਨਾਲ ਪੜ੍ਹਨਗੇ ਅਤੇ ਵਿਸ਼ੇ ਨੂੰ ਸਮਝਣ ਦਾ ਯਤਨ ਕਰਨਗੇ।

Class-9 Ramandeep kaur

Topic - ਧਰਤੀ ਹੇਠਲਾ ਬੌਲਦ ਪਾਠ-4 (Page-2)

ਆਓ ਹੁਣ ਕਹਾਣੀ ਦੇ ਵਿਸ਼ੇ ਬਾਰੇ ਚਰਚਾ ਕਰਦੇ ਹਾਂ।

ਕਹਾਣੀ - 'ਧਰਤੀ ਹੇਠਲਾ ਬੌਲਦ'

ਕਹਾਣੀਕਾਰ - ਕੁਲਵੰਤ ਸਿੰਘ ਵਿਰਕ

ਕਹਾਣੀ ਦੇ ਪਾਤਰ - ਮਾਨ ਸਿੰਘ, ਕਰਮ ਸਿੰਘ, ਕਰਮ ਸਿੰਘ ਦਾ ਬਾਪੂ, ਕਰਮ ਸਿੰਘ ਦਾ ਭਰਾ ਜਸਵੰਤ ਸਿੰਘ, ਕਰਮ ਸਿੰਘ ਦੀ ਬੇਬੇ, ਕਰਮ ਸਿੰਘ ਦਾ ਮੁੰਡਾ, ਪਿੰਡ ਦੇ ਲੋਕ, ਡਾਕੀਆ।

ਕਹਾਣੀ ਵਿੱਚ ਆਏ ਸ਼ਹਿਰਾਂ ਅਤੇ ਪਿੰਡਾਂ ਦੇ ਨਾਂ -
ਠੱਠੀ ਖਾਰਾ ਪਿੰਡ (ਅੰਮ੍ਰਿਤਸਰ ਦੇ ਨੇੜੇ)
ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ, ਚੂਹੜਕਾਣਿਓਂ।

ਕਰਮ ਸਿੰਘ ਦਾ ਪਿੰਡ - ਠੱਠੀ ਖਾਰਾ।
ਮਾਨ ਸਿੰਘ ਦਾ ਪਿੰਡ - ਚੂਹੜਕਾਣਿਓਂ।

ਪੰਨਾ - ਨੰਬਰ 21, 22

ਉਪਰੋਕਤ ਜਾਣਕਾਰੀ ਤੋਂ ਬਾਅਦ ਅਸੀਂ ਕਹਾਣੀ ਦੇ ਵਿਸ਼ੇ ਬਾਰੇ ਵਿਚਾਰ ਚਰਚਾ ਕਰਦੇ ਹਾਂ। ਮਾਨ ਸਿੰਘ ਅਤੇ ਕਰਮ ਸਿੰਘ ਗੂੜ੍ਹੇ ਦੋਸਤ ਸਨ। ਉਹਨਾਂ ਦੀ ਯਾਰੀ ਬਹੁਤ ਪੱਕੀ ਸੀ। ਦੋਵੇਂ ਫੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਸਨ। ਕਰਮ ਸਿੰਘ ਫੌਜ ਵਿੱਚ ਪਹਿਲਾਂ ਭਰਤੀ ਹੋਣ ਕਰਕੇ ਹੌਲਦਾਰੀ ਕਰਦਾ ਸੀ ਅਤੇ ਮਾਨ ਸਿੰਘ ਅਜੇ ਨਾਇਕ ਹੀ ਸੀ। ਪਰ ਦੋਵਾਂ ਮਿੱਤਰਾਂ ਵਿੱਚ ਬਹੁਤ ਪਿਆਰ ਸੀ ਅਤੇ ਇੱਕ ਦੂਜੇ ਦੀ ਗੱਲ ਤੇ ਸਹਿਮਤ ਵੀ ਹੋ ਜਾਂਦੇ ਸਨ। ਕਹਾਣੀ ਦੀ ਸ਼ੁਰੂਆਤ ਹੀ ਘਰ ਜਾਣ ਦੇ ਸਫਰ ਤੇ ਹੁੰਦੀ ਹੈ। ਮਾਨ ਸਿੰਘ ਦੀ ਛੁੱਟੀ ਮਨਜ਼ੂਰ ਹੋ ਜਾਂਦੀ ਹੈ ਅਤੇ ਕਰਮ ਸਿੰਘ ਨੇ ਬਰਮਾ ਫਰੰਟ ਤੇ ਦੁਸ਼ਮਣ ਦਾ ਮੁਕਾਬਲਾ ਕਰਨਾ ਹੈ। ਉਸਨੂੰ ਛੁੱਟੀ ਨਹੀਂ ਮਿਲਦੀ।

Be Positive...

Class - 9 Ramandeep Kaur

Topic- ਧਰਤੀ ਹੇਠਲਾ ਬੌਲਦ ਪਾਠ-4 (Page 3)

ਮਾਨ ਸਿੰਘ ਆਪਣੇ ਮਿੱਤਰ ਦੇ ਪਿੰਡ ਠੱਠੀ ਖਾਰੇ ਨੂੰ ਜਾ ਰਿਹਾ ਹੈ। ਉਹ ਉਸਦਾ ਪੱਕਾ ਮਿੱਤਰ ਹੈ। ਉਸਦੀਆਂ ਉਹ ਬਹੁਤ ਸਿਫ਼ਤਾਂ ਕਰਦਾ ਹੈ। ਕਰਮ ਸਿੰਘ ਦਾ ਨਿਸ਼ਾਨਾ ਬਹੁਤ ਪੱਕਾ ਹੈ। ਉਸਦੇ ਨਿਸ਼ਾਨੇ ਦੀ ਹਰ ਪਾਸੇ ਬਹੁਤ ਚਰਚਾ ਹੁੰਦੀ ਸੀ।

ਜਦੋਂ ਕਰਮ ਸਿੰਘ ਪਿੰਡ ਛੁੱਟੀ ਕੱਟਣ ਆਉਂਦਾ ਤਾਂ ਲਗਦਾ ਪਿੰਡ ਦੀ ਬਹਾਰ ਮੁੜ ਆਈ। ਉਹ ਸਭ ਨਾਲ ਬਹੁਤ ਮਿੱਠਾ ਬੋਲਦਾ, ਆਪਣੀ ਫੌਜ ਦੀਆਂ, ਲੜਾਈ ਦੀਆਂ, ਦੁਸ਼ਮਣਾਂ ਨੂੰ ਕਿਵੇਂ ਹਰਾਇਆ ਆਦਿ ਗੱਲਾਂ ਸੁਣਾਉਂਦਾ ਰਹਿੰਦਾ ਅਤੇ ਲੋਕ ਅੱਧੀ- ਅੱਧੀ ਰਾਤ ਤੱਕ ਬੈਠ ਕੇ ਉਸਦੀਆਂ ਗੱਲਾਂ ਸੁਣਦੇ।

ਰਜਮੈਂਟ ਵਿੱਚ ਵੀ ਕਰਮ ਸਿੰਘ ਦੇ ਨਿਸ਼ਾਨੇ ਬਾਰੇ ਚਰਚਾ ਹੁੰਦੀ। ਉਹ ਅਜਿਹਾ ਨਿਸ਼ਾਨਚੀ ਸੀ ਕਿ ਨਿਸ਼ਾਨਾ ਮਾਰਨ ਦੇ ਮੁਕਾਬਲਿਆਂ ਵਿੱਚ ਅਜਿਹੀ ਗੋਲੀ ਚਲਾਉਂਦਾ ਜਿਵੇਂ ਕਿਸੇ ਨੇ ਹੱਥ ਨਾਲ ਫੜ ਕੇ ਗੋਲੀ ਪਾਰ ਲੰਘਾਈ ਹੋਵੇ। ਉਸਦਾ ਨਿਸ਼ਾਨਾ ਐਨਾ ਪੱਕਾ ਸੀ, ਜਿੱਥੇ ਮਸ਼ੀਨ ਗੰਨਾਂ ਦੀਆਂ ਗੋਲੀਆਂ ਨਿਸਫਲ ਹੁੰਦੀਆਂ ਉੱਥੇ ਉਸਦੀ ਇੱਕ ਗੋਲੀ ਦੁਸ਼ਮਣ ਨੂੰ ਢੇਰ ਕਰ ਦਿੰਦੀ।

ਭਾਵੇਂ ਕਰਮ ਸਿੰਘ ਦੀ ਉਮਰ ਵਡੇਰੀ ਹੋ ਗਈ ਸੀ, ਪਰ ਜਦੋਂ ਉਹ ਕਿਤੇ ਜਮਨਾਸਟਕ ਦੇ ਡੰਡਿਆਂ ਤੇ ਖੇਡਾਂ ਕਰਦਾ ਤਾਂ ਵੇਖਣ ਵਾਲੇ ਨੂੰ ਲਗਦਾ ਜਿਵੇਂ ਇਸਨੂੰ ਕੋਈ ਭੂਤ ਚਿੰਬੜ ਗਿਆ ਹੋਵੇ। ਉਹ ਬਹੁਤ ਫੁਰਤੀਲਾ ਸੀ। ਲੜਾਈ ਸਮੇਂ ਸਾਰੀਆਂ ਗਤੀਵਿਧੀਆਂ ਬੰਦ ਸੀ।

ਜਦੋਂ ਛੁੱਟੀ ਦੀ ਵਾਰੀ ਆਈ ਤਾਂ ਕਰਮ ਸਿੰਘ ਨੂੰ ਦੁੱਖ ਲੱਗਿਆ। ਉਹ ਚਾਹੁੰਦਾ ਸੀ ਕਿ ਦੋਵੇਂ ਯਾਰ ਇੱਕਠੀ ਛੁੱਟੀ ਕੱਟ ਕੇ ਆਉਣਗੇ ਅਤੇ ਇੱਕ ਦੂਜੇ ਦੇ ਪਿੰਡ ਵੀ ਗੇੜਾ ਕੱਢ ਆਉਣਗੇ। ਪਰ ਫੌਜ ਛੁੱਟੀ ਅਤੇ ਤਗਮੇ ਸਭ ਨੂੰ ਨਹੀਂ ਮਿਲਦੇ। ਕਰਮ ਸਿੰਘ ਨੂੰ ਤਗਮੇ ਮਿਲੇ ਅਤੇ ਮਾਨ ਸਿੰਘ ਦੀ ਝੋਲੀ ਛੁੱਟੀ ਪਾਈ ਗਈ।

ਮਾਨ ਸਿੰਘ ਜਦੋਂ ਫੌਜੀ ਟਰੱਕ ਵਿੱਚ ਬੈਠਣ ਲੱਗਾ ਤਾਂ ਕਰਮ ਸਿੰਘ ਨੇ ਕਿਹਾ "ਸਾਡੇ ਘਰ ਵੀ ਹੁੰਦਾ ਆਈਂ" ਮੇਰੇ ਕੋਲੋਂ ਆਏ ਨੂੰ ਮੇਰੇ ਘਰ ਦੇ ਵੇਖਣਗੇ ਤਾਂ ਉਹਨਾਂ ਦਾ ਅੱਧਾ ਮੇਲ ਹੋ ਜਾਵੇਗਾ ਤੇ ਜਦੋਂ ਤੂੰ ਉਹਨਾਂ ਕੋਲੋਂ ਆਵੇਂਗਾ ਤੇਰੇ ਕੋਲੋਂ ਉਹਨਾਂ ਦੀਆਂ ਗੱਲਾਂ ਬਾਤਾਂ ਸੁਣਾਂਗਾ ਤਾਂ ਅੱਧਾ ਮੇਲ ਮੇਰਾ ਹੋ ਜਾਵੇਗਾ।

ਕਰਮ ਸਿੰਘ ਨੂੰ ਭਾਵੇਂ ਪੂਰਾ ਯਕੀਨ ਸੀ ਕਿ ਮਾਨ ਸਿੰਘ ਉਸਦਾ ਆਖਾ ਨਹੀਂ ਮੋੜੇਗਾ ਪਰ ਉਸਨੂੰ ਇਹ ਵੀ ਪਤਾ ਸੀ ਕਿ ਫੌਜੀ ਨੂੰ ਛੁੱਟੀ ਬਹੁਤ ਪਿਆਰੀ ਹੁੰਦੀ ਹੈ। ਉਹ ਆਪਣੇ ਇਲਾਕੇ ਦੀ ਦਿਲਚਸਪੀ ਵਧਾਉਣ ਵਾਸਤੇ ਮਾਨ ਸਿੰਘ ਨੂੰ ਕਹਿਣ ਲੱਗਿਆ ਸਾਡੇ ਪਾਸੇ ਕਈ ਗੁਰਦੁਆਰੇ ਹਨ ਤੂੰ ਬਹਾਨੇ ਸਿਰ ਮੱਥਾ ਵੀ ਟੇਕ ਆਵੀਂ।

ਮਾਨ ਸਿੰਘ ਆਪਣੇ ਜਿਗਰੀ ਯਾਰ ਦੀ ਗੱਲ ਪੁਗਾਉਂਦਾ ਹੈ ਅਤੇ ਟਾਂਗੇ ਤੇ ਬਹਿ ਕੇ ਉਸਦੇ ਪਿੰਡ ਦੇ ਰਸਤੇ ਤੁਰਦਾ ਹੈ। ਉਸਦਾ ਮਨ ਬੜਾ ਖੁਸ਼ ਕਿ ਉਹ ਅੱਜ ਕਰਮ ਸਿੰਘ ਦੇ ਪਿੰਡ ਨੂੰ ਜਾ ਰਿਹਾ ਹੈ। ਉਹ ਇਹ ਸੋਚ ਰਿਹਾ ਸੀ ਕਿ ਮੈਨੂੰ ਵੇਖਕੇ ਕਰਮ ਸਿੰਘ ਦੇ ਘਰ ਦੇ ਉਸਦੀ ਬਹੁਤ ਆਓ-ਭਗਤ ਕਰਨਗੇ ਪਰ ਜਦੋਂ ਉਹ ਘਰ ਪੁਜਦਾ ਹੈ ਤਾਂ ਉਸ ਨਾਲ ਅਜਿਹਾ ਸਲੂਕ ਨਹੀਂ ਹੋਇਆ ਜਿਹੋ ਜਿਹਾ ਮਾਨ ਸਿੰਘ ਸੋਚ ਰਿਹਾ ਸੀ। ਕਰਮ ਸਿੰਘ ਦੇ ਬਾਪੂ ਅਰਾਮ ਨਾਲ ਬੈਠਣ ਲਈ ਕਿਹਾ ਪਰ ਚਿਹਰੇ ਤੇ ਕੋਈ ਖੁਸ਼ੀ ਨਹੀਂ ਸੀ।

ਕਹਾਣੀ ਦੇ ਅਗਲੇ ਭਾਗ ਬਾਰੇ ਅਗਲੇ ਹਫਤੇ ਵਿਚਾਰ ਚਰਚਾ ਕਰਾਂਗੇ।

Homework ਸ਼੍ਰੋਮਣੀ ਪੰਜਾਬੀ ਵਿਆਕਰਣ ਅਤੇ ਰਚਨਾਵਲੀ ਦੀ ਸਹਾਇਤਾ ਨਾਲ 'ਮਨ ਜੀਤੇ ਜੱਗ ਜੀਤ' ਵਿਸ਼ੇ ਬਾਰੇ 250 ਸ਼ਬਦਾਂ ਦਾ ਲੇਖ ਲਿਖਿਆ ਜਾਵੇ।

(last page)